## ਦਫਤਰ ਨਗਰ ਕੌਂਸਲ ਖਰੜ

ਵਲ

M/s Primary Estates & Developers Pvt. Ltd.,
SCO 43 Ground Floor Behind KFC,
New Sunny Enclave, Sector 125 SAS Nagar.

ਨੰ.......2712.... ਮਿਤੀ....18-12-2018

ਵਿਸ਼ਾ: ਨਗਰ ਕੌਂਸਲ ਖਰੜ ਦੀ ਹਦੂਦ ਅੰਦਰ ਪਿੰਡ ਖਾਨਪੁਰ ਵਿਖੇ "ARCADIA PARK EAST" ਨਾਮ ਦੇ ਗਰੁੱਪ ਹਾਊਸਿੰਗ ਦੇ ਨਕਸੇ ਦੀ ਤਕਨੀਕੀ ਪ੍ਰਵਾਨਗੀ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਵਲੋਂ ਦਿੱਤੇ ARCADIA PARK EAST ਪਿੰਡ ਖਾਨਪੁਰ ਦੇ ਗਰੁੱਪ ਹਾਊਸਿੰਗ ਦੇ ਨਕਸ਼ੇ ਡਾਇਰੈਕਟਰ ਟਾਊਨ ਪਲਾਨਿੰਗ, ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਮੀਮੋ ਨੰ. ਸੀ.ਟੀ.ਪੀ.(ਸਸ)-2018/ 3426 ਮਿਤੀ 13-11-2018 ਰਾਹੀਂ ਜਾਰੀ ਸ਼ਰਤਾਂ ਮੁਤਾਬਿਕ, ਮਾਡਰਨ ਬਿਲਡਿੰਗ ਬਾਇਲਾਜ 2010 ਅਤੇ ਸਰਕਾਰ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਹੀ ਮਨਜ਼ੂਰ ਕੀਤੇ ਜਾਂਦੇ ਹਨ (ਮਨਜ਼ੂਰ ਕੀਤੇ ਨਕਸ਼ੇ ਨਾਲ ਨੱਥੀ ਹਨ)। ਇਸਤੋਂ ਇਲਾਵਾ ਵਿਸ਼ੇ ਅਧੀਨ ਸਾਈਟ/ ਤਜਵੀਜੀ ਬਿਲਡਿੰਗ ਕਿਸੇ ਸਟੇਟ ਗੌ:/ਸੈਂਟਰ ਗੌ: ਵਲੋਂ ਨੋਟੀਫਾਈਡ ਕੰਟਰੋਲ ਰਕਬੇ, ਰਾਖਵੇਂ ਰਕਬੇ ਜਾਂ ਕਿਸੇ ਵਰਜਿਤ ਰਕਬੇ ਅਧੀਨ ਨਾ ਆਉਣ ਸਬੰਧੀ ਸਬੰਧਤ ਵਿਭਾਗ/ ਅਥਾਰਟੀ/ਹਾਈਵੇ ਅਥਾਰਟੀ ਤੋਂ ਪ੍ਰਵਾਨਗੀ/ਐਨ.ਓ.ਸੀ. ਲੈਣ/ਰੀਨਿਊ ਕਰਵਾਉਣ ਦੇ ਆਪ ਪਾਬੰਦ ਰਹੋਗੇ। ਫਾਇਰ ਸੇਫਟੀ ਸਬੰਧੀ ਫਾਇਰ ਵਿਭਾਗ ਤੋਂ ਅਸੈਸ ਸਬੰਧੀ ਨੈਸ਼ਨਲ ਹਾਈਵੇ ਤੋਂ ਅਤੇ ਪੀ.ਪੀ.ਸੀ.ਬੀ. ਤੋਂ ਐਨ.ਓ.ਸੀ. ਲੈਣ/ਰੀਨਿਊ ਕਰਵਾਉਣ ਉਪਰੰਤ ਦਫਤਰ ਵਿਖੇ ਜਮ੍ਹਾਂ ਕਰਵਾਉਣ ਦੇ ਆਪ ਪਾਬੰਦ ਰਹੋਗੇ। ਤਜਵੀਜਤ ਛੱਡਣ ਯੋਗ ਰਕਬਾ 20000 ਵ:ਮੀ: ਤੋਂ ਵੱਧ ਹੋਣ ਕਾਰਨ ਸਬੰਧਤ ਵਿਭਾਗ ਤੋਂ ਇਨਵਾਇਰਮੈਂਟਲ ਕਲੀਅਰੈਂਸ ਪ੍ਰਾਪਤ ਕਰਕੇ ਦਫਤਰ ਵਿਖੇ ਜਮ੍ਹਾਂ ਕਰਵਾਉਣ ਦੇ ਆਪ ਪਾਬੰਦ ਰਹੋਗੇ। ਇਸਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਮੀਮੋ ਨੰ. ਸੀਟੀਪੀ-ਜੀ-07/1513-23 ਮਿਤੀ 18-12-2007/ ਮੀਮੋ ਨੰ. ਸੀਟੀਪੀ(ਐਲਜੀ)-2142 ਮਿਤੀ 29-9-2017/ ਮੀਮੋ ਨੰ. ਸੀਟੀਪੀ (ਐਲਜੀ)-2008/ 1060 ਮਿਤੀ 29-9-08 ਅਨੁਸਾਰ ਸਬੰਧਤ ਇੰਸਟੀਚਿਊਟ ਤੋਂ ਸਟਰਕਚਰ ਸੇਫਟੀ ਸਰਟੀਫਿਕੇਟ ਲੈਣ ਦੇ ਆਪ ਪਾਬੰਦ ਰਹੋਗੇ। ਸੀ.ਐਲ.ਯੂ. ਦੇ ਹੁਕਮ ਮਿਤੀ 1-5-2018 ਦੀਆਂ ਸ਼ਰਤਾਂ ਅਤੇ ਪੰਜਾਬ ਈ.ਸੀ.ਬੀ.ਸੀ. ਦੀ ਪਾਲਣਾ ਯਕੀਨੀ ਬਣਾਉਣ ਦੇ ਵੀ ਆਪ ਪਾਬੰਦ ਰਹੋਗੇ। ਇਮਾਰਤ ਦੀ ਉਸਾਰੀ ਵਾਸਤੇ ਅੰਡਰ ਗਰਾਊਂਡ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਮਾਸਟਰ ਪਲਾਨ/ ਬਿਲਡਿੰਗ ਬਾਇਲਾਜ/ ਸੀ.ਐਲ.ਯੂ. ਦੇ ਹੁਕਮਾਂ ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਨਾ ਕੀਤੀ ਜਾਵੇ। ਉਕਤ ਤੋਂ ਇਲਾਵਾ ਆਪ ਸਰਕਾਰ ਵਲੋਂ ਆਪਣੇ ਨੋਟੀਫਿਕੇਸ਼ਨ ਨੰ. DTP(LG)-2016/2361 ਮਿਤੀ 24-10-2016 ਰਾਹੀਂ EWS ਫਲੈਟਾਂ ਸਬੰਧੀ ਜਾਰੀ ਪਾਲਿਸੀ ਅਨੁਸਾਰ ਕਾਰਵਾਈ ਕਰਨ ਦੇ ਪਾਬੰਦ ਹੋਵੋਗੇ। ਉਕਤ ਸਾਰੇ ਸਰਟੀਫਿਕੇਟ/ਐਨ.ਓ.ਸੀਜ. ਵੱਖ-ਵੱਖ ਵਿਭਾਗਾਂ ਤੋਂ ਲੈਣ/ਰੀਨਿਊ ਕਰਵਾਉਣ ਉਪਰੰਤ ਦਫਤਰ ਨਗਰ ਕੌਂਸਲ ਖਰੜ ਵਿਖੇ ਜਮ੍ਹਾਂ ਕਰਵਾਉਣ ਦੇ ਆਪ ਪਾਬੰਦ ਰਹੋਗੇ। ਇਸਤੋਂ ਇਲਾਵਾ ਜੇਕਰ ਭਵਿੱਖ ਵਿੱਚ ਆਪਦੇ ਪ੍ਰੋਜੈਕਟ ਸਬੰਧੀ ਨਕਸ਼ਾ ਫੀਸ ਦੀ ਕੈਲਕੂਲੇਸ਼ਨ ਵਿੱਚ ਕੋਈ ਫਰਕ/ਕਮੀ ਨਿਕਲਦੀ ਹੈ ਅਤੇ ਆਡਿਟ ਵਿਭਾਗ ਜਾਂ ਸਰਕਾਰ ਵਲੋਂ ਕੋਈ ਬਕਾਏ ਆਦਿ ਕੱਢੇ ਜਾਂਦੇ ਹਨ ਤਾਂ ਆਪ ਉਹ ਜਮ੍ਹਾਂ ਕਰਵਾਉਣ ਦੇ ਪਾਬੰਦ ਰਹੋਗੇ। ਆਪ ਆਪਣੇ ਉਕਤ ਪ੍ਰੋਜੈਕਟ ਸਬੰਧੀ ਬਕਾਇਆ ਰਹਿੰਦੀਆਂ ਫੀਸਾਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮੇਂ-ਸਮੇਂ ਸਿਰ ਸਮੇਤ ਵਿਆਜ ਜਮ੍ਹਾਂ ਕਰਵਾਉਣ ਦੇ ਪਾਬੰਦ ਰਹੋਗੇ। ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜੇਕਰ ਆਪ ਬਕਾਇਆ ਰਹਿੰਦੀ ਈ.ਡੀ.ਸੀ. ਅਤੇ ਈ.ਡਬਲਿਯੂ.ਐਸ. ਵਗੈਰਾ ਦੀਆਂ ਕਿਸ਼ਤਾਂ ਸਮੇਂ ਸਿਰ ਜਮ੍ਹਾਂ ਕਰਾਉਣ ਵਿੱਚ ਅਸਮਰਥ ਰਹਿੰਦੇ ਹੋ ਤਾਂ ਨਗਰ ਕੌਂਸਲ ਖਰੜ ਆਪਦੇ ਪ੍ਰੋਜੈਕਟ ਦਾ ਉਕਤ ਕੀਮਤ ਦੇ ਬਰਾਬਰ ਦਾ ਰਕਬਾ ਵੇਚਕੇ ਆਪਣੀਆਂ ਫੀਸਾਂ ਵਸੂਲ ਕਰੇਗੀ। ਪ੍ਰੋਜੈਕਟ ਮੁਕੰਮਲ ਹੋਣ ਉਪਰੰਤ ਨਗਰ ਕੌਂਸਲ ਖਰੜ ਪਾਸੋਂ ਕੰਪਲੀਸ਼ਨ ਸਰਟੀਫਿਕੇਟ ਲੈਣ ਉਪਰੰਤ ਹੀ ਪੋਜੈਸ਼ਨ ਦਿੱਤੇ ਜਾਣ। ਜੇਕਰ ਆਪ ਵਲੋਂ ਸਟੇਟ ਗੌਰਮਿੰਟ/ਸੈਂਟਰ ਗੌਰਮਿੰਟ/ ਨਗਰ ਕੌਂਸਲ ਖਰੜ ਦੀ ਜਗ੍ਹਾ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਇਨਕਰੋਚਮੈਂਟ ਕੀਤੀ ਜਾਂਦੀ ਹੈ ਅਤੇ ਆਪ ਵਲੋਂ ਉਕਤ ਸ਼ਰਤਾਂ/ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਆਪਦੇ ਉਕਤ ਪ੍ਰੋਜੈਕਟ ਦੇ ਨਕਸ਼ੇ ਰੱਦ ਕਰਨ ਸਬੰਧੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਖਰੜ।

ਨੱਥੀ: ਮਨਜ਼ੂਰ ਕੀਤੇ ਨਕਸ਼ੇ।

Scanned by CamScanner